بِسۡمِ اللّٰہِ الرَّحۡمٰنِ الرَّحِیۡمِ   نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ   وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.03.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**23 ਮਾਰਚ ਦਾ ਦਿਨ ਜਮਾਤ ਅਹਮਦੀਆ ਵਿੱਚ ਇਸ ਕਰਕੇ ਚੇਤੇ ਰੱਖਿਆ ਜਾਂਦਾ ਹੈ ਕਿਉਂਕਿ ਇਸ ਦਿਨ ਜਮਾਤ ਅਹਮਦੀਆ ਦੀ ਨੀਂਹ ਪਈ, ਸਾਨੂੰ ਇਹ ਦਿਨ ਹਰ ਸਾਲ ਇਹ ਚੇਤੇ ਕਰਾਉਣ ਵਾਲਾ ਹੋਣਾ ਚਾਹੀਦਾ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਗਟ ਹੋਣ ਦਾ ਮੰਤਵ ਧਰਮ ਦਾ ਨਿਵੀਨੀਕਰਣ ਅਤੇ ਵਾਸਤਵਿਕ ਸਿੱਖਿਆ ਨੂੰ ਦੁਨੀਆ ਵਿੱਚ ਲਾਗੂ ਕਰਨਾ ਹੈ ।**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਮਾਰਚ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿੱਤਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ اَلرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਜੁਮਆ ਦੀਆਂ ਇਹਨਾਂ ਆਇਤਾਂ ਦੀ ਤਲਾਵਤ ਕੀਤੀ ਅਤੇ ਅਰਥ ਦੱਸੇ :

هُوَ الَّذِیۡ بَعَثَ فِی الۡاُمِّیّٖنَ رَسُوۡلًا مِّنۡهُمۡ یَتۡلُوۡا عَلَیۡهِمۡ اٰیٰتِهٖ وَ یُزَکِّیۡهِمۡ وَ یُعَلِّمُهُمُ الۡکِتٰبَ وَ الۡحِکۡمَةَ ٭ وَ اِنۡ کَانُوۡا مِنۡ قَبۡلُ لَفِیۡ ضَلٰلٍ مُّبِیۡنٍ ○

ਅਰਥ : ਉਹੋ ਹੈ ਜਿਸ ਨੇ ਅਨਪੜ੍ਹ ਲੋਕਾਂ ਵਿੱਚ ਉਹਨਾਂ ਵਿੱਚੋਂ ਹੀ ਇਕ ਰਸੂਲ ਪ੍ਰਕਟ ਕੀਤਾ ਉਹ ਉਹਨਾ'ਤੇ ਇਸ ਦੀਆਂ ਆਇਤਾਂ ਪੜ੍ਹਿਆ ਕਰਦਾ ਹੈ ਅਤੇ ਇਹਨਾ ਨੂੰ ਪਾਕ ਕਰਦਾ ਹੈ ਅਤੇ ਇਹਨਾ ਨੂੰ ਕਿਤਾਬ ਦੀ ਦਾਨਾਈ ਦੀ ਸਿੱਖਿਆ ਦਿੰਦਾ ਹੈ ਜੱਦਕਿ ਇਸ ਤੋਂ ਪਹਿਲਾਂ ਉਹ ਨਿਰਸੰਦੇਹ ਹੀ ਗੁਮਰਾਹੀ ਵਿੱਚ ਸਨ । ਇਹਨਾ ਵਿੱਚੋਂ ਹੀ ਦੂਜਿਆ ਵੱਲ ਵੀ ਇਸਨੂੰ ਪ੍ਰਕਟ ਕੀਤਾ ਜੋ ਅਜੇ ਉਹਨਾ ਨੂੰ ਨਹੀਂ ਮਿਲੇ । ਉਹ ਕਾਮਲ ਗ਼ਲਬੇ ਵਾਲਾ ਤੇ ਸੰਪੂਰਨ ਬੋਧ ਵਾਲਾ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ ਦੋ ਤਿੰਨ ਦਿਨ ਪਹਿਲਾਂ 23 ਮਾਰਚ ਦਾ ਦਿਨ ਲੰਘਿਆ ਹੈ ਜਿਸ ਦਿਨ ਜਮਾਤ ਦੀ ਨੀਂਹ ਪਈ । ਸੋ ਸਾਨੂੰ ਇਹ ਦਿਨ ਹਰ ਸਾਲ ਇਹ ਗੱਲ ਚੇਤੇ ਕਰਾਉਣ ਵਾਲਾ ਹੋਣਾ ਚਾਹੀਦਾ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਦਾ ਮੰਤਵ ਕੁਰਆਨ ਕਰੀਮ ਦੀਆਂ ਭਵਿੱਖਬਾਣੀਆਂ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀਆਂ ਭਵਿੱਖਬਾਣੀਆਂ ਅਨੁਸਾਰ ਇਸਲਾਮ ਧਰਮ ਦੇ ਪੁਨਰਉਥੱਾਨ ਅਤੇ ਇਸਲਾਮ ਦੀ ਹਕੀਕੀ ਸਿੱਖਿਆ ਨੂੰ ਦੁਨੀਆ ਵਿੱਚ ਲਾਗੂ ਕਰਨਾ ਹੈ । ਅਸੀਂ ਜੋ ਆਪ ਅਲੈਹਿ ਸਲਾਮ ਦੀ ਬੈਅਤ ਵਿੱਚ ਸ਼ਾਮਲ ਹੋਣ ਦਾ ਦਾਵਾ ਕਰਦੇ ਹਾਂ, ਸਾਨੂੰ ਵੀ ਇਸ ਮਹਤੱਵਪੂਰਨ ਕੰਮ ਨੂੰ ਨੇਪਰੇ ਚਾੜ੍ਹਾਉਣ ਲਈ ਆਪਣੀਆਂ ਆਪਣੀਆਂ ਯੋਗਤਾਵਾਂ ਅਨੁਸਾਰ ਇਸ ਦਾ ਭਾਗੀਦਾਰ ਬਣਨਾ ਹੈ । ਭਟੱਕੀ ਹੋਈ ਮਨੁਖੱਤਾ ਦਾ ਸੰਬੰਧ ਰੱਬ ਨਾਲ ਜੋੜਨਾ ਅਤੇ ਬੰਦਿਆਂ ਨੂੰ ਦੂਜਿਆਂ ਦੇ ਅਧਿਕਾਰ ਦੇਣ ਵੱਲ ਧਿਆਨ ਦੁਆਉਣਾ ਹੈ । ਇਸ ਲਈ ਜ਼ਾਹਰ ਹੈ ਕਿ ਸਭ ਤੋਂ ਪਹਿਲਾਂ ਸਾਨੂੰ ਆਪਣਾ ਸੁਧਾਰ ਕਰਨਾ ਹੋਵੇਗਾ । ਫ਼ਰਮਾਇਆ ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਹਵਾਲੇ ਪੇਸ਼ ਕਰਾਂਗਾ ਜਿੰਨ੍ਹਾ ਵਿੱਚ ਆਪ ਅਲੈਹਿ ਸਲਾਮ ਦੇ ਆਉਣ ਦੀ ਲੋੜ, ਮੰਤਵ, ਉੱਦੇਸ਼ ਅਤੇ ਪਹਿਲੀਆਂ ਭਵਿੱਖਬਾਣੀਆਂ ਦਾ ਵਰਣਨ ਹੈ, ਜਿੰਨ੍ਹਾ ਤੋਂ ਆਪ ਅਲੈਹਿ ਸਲਾਮ ਦੀ ਸਚੱਾਈ ਦਾ ਪ੍ਰਮਾਣ ਮਿਲਦਾ ਹੈ । ਜਮਾਤ ਵਿੱਚ

ਸਹਾਬਾ ਵਰਗੇ ਪਵਿੱਤਰ ਪਰਿਵਰਤਨ ਹੋਣ ਅਤੇ ਉਹਨਾ ਕਸ਼ਟਾਂ ਵਿੱਚੋਂ ਲੰਘਣ ਦਾ ਜ਼ਿਕਰ ਹੈ ਜਿੰਨ੍ਹਾ ਵਿੱਚੋਂ ਸਹਾਬਾ ਲੰਘੇ । ਸਾਨੂੰ ਹਰ ਸਮੇਂ ਇਹਨਾ ਗਲੱਾਂ ਨੂੰ ਸਾਹਮਣੇ ਰਖੱਣਾ ਚਾਹੀਦਾ ਹੈ ਤਾਂ ਜੋ ਸਾਮੂਹਿਕ ਜਾਮਤ ਦੇ ਰੂਪ ਵਿੱਚ ਅਸੀਂ ਤਰੱਕੀ ਕਰਨ ਵਾਲੇ ਹੋਈਏ ।

ਜੋ ਆਇਤਾਂ ਮੈਂ ਪੜ੍ਹੀਆਂ ਹਨ ਇਹਨਾ ਦੀ ਵਿਆਖਿਆ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਆਇਤ ਦਾ ਭਾਵਅਰਥ ਇਹ ਹੈ ਕਿ ਰੱਬ ਉਹ ਰੱਬ ਹੈ ਜਿਸਨੇ ਅਜਿਹੇ ਸਮੇਂ ਵਿੱਚ ਰਸੂਲ ਭੇਜਿਆ ਕਿ ਲੋਕ ਗਿਆਨ ਤੇ ਦਾਨਾਈ ਨੂੰ ਭੁੱਲ ਚੁੱਕੇ ਸਨ । ਇਸ ਰਸੂਲ ਨੇ ਇਹਨਾ ਦੀ ਅੰਤਰ ਆਤਮਾ ਨੂੰ ਪਾਕ ਕੀਤਾ ਅਤੇ ਇਸ ਕਿਤਾਬ (ਅਰਥਾਤ ਕੁਰਆਨ ਕਰੀਮ ਦੇ ਗਿਆਨ) ਅਤੇ ਦਾਨਾਈ ਤੋਂ ਜਾਣੂ ਕਰਾਇਆ । ਫਿਣ ਫ਼ਰਮਾਇਆ : ਇਕ ਜਥੱਾ ਹੋਰ ਹੈ ਜੋ ਅੰਤਮ ਯੁੱਗ ਵਿੱਚ ਪ੍ਰਕਟ ਹੋਵੇਗਾ, ਉਹ ਵੀ ਪਹਿਲਾਂ ਅੰਧਕਾਰ ਤੇ ਗੁਮਰਾਹੀ ਵਿੱਚ ਹੋਣਗੇ ਅਤੇ ਗਿਆਨ, ਦਾਨਾਈ ਤੇ ਵਿਸ਼ਾਵਾਸ ਤੋਂ ਦੂਰ ਹੋਣਗੇ, ਫਿਰ ਰੱਬ ਉਹਨਾ ਨੂੰ ਵੀ ਸਹਾਬਾ ਦੇ ਰੰਗ ਵਿੱਚ ਰੰਗੇਗਾ ਇੱਥੋਂ ਤੱਕ ਕਿ ਉਹਨਾ ਦੀ ਸਚੱਾਈ ਅਤੇ ਵਿਸ਼ਵਾਸ ਵੀ ਸਹਾਬਾ ਦੀ ਸਚੱਾਈ ਤੇ ਵਿਸ਼ਵਾਸ ਵਾਂਗ ਹੋ ਜਾਣਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ : ਸਹਾਬਾ ਵਰਗਾ ਵਿਸ਼ਵਾਸ ਹੈ ਜੋ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣਕੇ ਰੱਬ, ਆਂਹਜ਼ਰਤ ਸਲਲਲੱਾਹੁ ਅਲੈਹਿ ਵਸਲੱਮ, ਇਸਲਾਮ ਅਤੇ ਆਪ ਦੀ ਸਚੱਾਈ'ਤੇ ਹੋਣਾ ਚਾਹੀਦਾ ਹੈ । ਅੱਜ ਕੱਲ ਮੈਂ ਸਾਹਾਬਾ ਦੇ ਹਾਲਾਤ ਖ਼ੁਤਬਿਆਂ ਵਿੱਚ ਵਰਨਣ ਕਰ ਰਿਹਾ ਹਾਂ । ਉਧਾਰਣਾ ਸਾਡੇ ਸਾਹਮਣੇ ਹਨ ।

ਆਪ ਫ਼ਰਮਾਉਂਦੇ ਹਨ ਕਿ ਹਦੀਸ ਸ਼ਰੀਫ਼ ਵਿੱਚ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਆਇਤ ਦੀ ਵਿਆਖਿਆ ਸਮੇਂ ਸਲਮਾਨ ਫ਼ਾਰਸੀ ਦੇ ਮੋਢਿਆਂ'ਤੇ ਹੱਥ ਰੱਖਿਆ ਅਤੇ ਫ਼ਰਮਾਇਆ ਕਿ ਜੇਕਰ ਈਮਾਨ ਸੁਰੱਯਾ'ਤੇ (ਬੁਲੰਦ ਤਾਰੇ ਦਾ ਨਾਂ) ਵੀ ਚਲਿਆ ਜਾਏ ਤਾਂ ਇਕ ਵਿਅਕਤੀ ਜੋ ਫ਼ਾਰਸ ਨਸਲ ਦਾ ਹੋਵੇ ਇਸਨੂੰ ਵਾਪਸ ਪਰਤਾ ਲਿਆਏਗਾ । ਅੰਤਮ ਯੁੱਗ ਜਿਸ ਬਾਰੇ ਲਿੱਖਿਆ ਹੈ ਕਿ ਕੁਰਆਨ ਅਕਾਸ਼'ਤੇ ਚੜ੍ਹ ਜਾਏਗਾ, ਇਹੋ ਉਹ ਯੁੱਗ ਹੈ ਜੋ ਮਸੀਹ ਮੌਊਦ ਦਾ ਯੁੱਗ ਹੈ । ਇਹੋ ਉਹ ਸਮਾਂ ਹੈ ਜੋ ਮਸੀਹ ਮੌਊਦ ਦਾ ਸਮਾਂ ਹੈ । ਸਲੀਬੀ ਹਮਲਾ ਜਿਸਨੂੰ ਹੋਰਨਾ ਸ਼ਬਦਾਂ ਵਿੱਚ ਦਜੱਾਲੀ ਹਮਲਾ ਕਹਿੰਦੇ ਹਨ ਜਿਸਦੇ ਪ੍ਰਭਾਵ ਬਾਰੇ ਇਹ ਹੈ ਕਿ ਅਨੇਕਾ ਨਾਦਾਨ ਲੋਕ ਇੱਕ ਰੱਬ ਨੂੰ ਤਿਆਗ ਦੇਣਗੇ ਅਤੇ ਬਹੁਤ ਸਾਰੇ ਲੋਕਾਂ ਦਾ ਧਾਰਮਕ ਪ੍ਰੇਮ ਠੰਡਾ ਪੈ ਜਾਏਗਾ । ਉਸ ਸਮੇਂ ਮਸੀਹ ਮੌਊਦ ਦਾ ਮਹਾਨ ਤੇ ਵਡੱਾ ਕੰਮ ਧਰਮ ਦਾ ਪੁਨਰਉਥੱਾਨ ਹੋਵੇਗਾ । ਉਸੇ ਦੀ ਜਮਾਤ ਦੇ ਹੱਕ ਵਿੱਚ ਇਹ ਆਇਤ ਹੈ ਕਿ : وَاٰخَرِيْنَ مِنْهُمْ لَمَّا يَلْحَقُوْا بِهِمْ ۔

ਇਸ ਆਇਤ ਦੇ ਅਰਥ ਇਹ ਹਨ ਕਿ ਅਥਾਹ ਗੁਮਰਾਹੀ ਮਗਰੋਂ ਸੁਮਾਰਗ ਪਾਉਣ ਵਾਲੇ ਦੋ ਹੀ ਵਰਗ ਹੋਣਗੇ । ਪਹਿਲਾ ਵਰਗ ਉਹ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਸਹਾਬਾ ਹਨ ਅਤੇ ਦੂਜਾ ਵਰਗ ਉਹ ਜੋ ਮਸੀਹ ਮੌਊਦ ਦਾ ਹੈ । ਕਿਉਂਕਿ ਇਹ ਵਰਗ ਵੀ ਸਹਾਬਾ ਵਾਂਗ ਆਂਹਜ਼ਰਤ ਸਲਲੱਾਹੁ ਆਲੈਹਿ ਵਸਲੱਮ ਦੇ ਚਮਤਕਾਰਾਂ ਨੂੰ ਦੇਖਣ ਵਾਲਾ ਹੈ । ਫ਼ਰਮਾਇਆ : ਅੱਜ ਕੱਲ ਤੇਰ੍ਹਾਂ ਸੌ ਸਾਲ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਚਮਤਕਾਰਾਂ ਦਾ ਦਰ ਖੁੱਲ ਗਿਆ ਅਤੇ ਲੋਕਾਂ ਨੇ ਆਪਣੀਆਂ ਅਖੱਾਂ ਨਾਲ ਕੁਸੂਫ਼ੋ ਖ਼ੁਸੂਫ਼ (ਰੋਜ਼ਿਆਂ ਦੇ ਮਹੀਨਿ ਵਿੱਚ ਸੂਰਜ ਤੇ ਚੰਨ੍ਹ ਗ੍ਰਹਿਣ ਦੀ ਭਵਿੱਖਬਾਣੀ ਅਨੁਸਾਰ) ਰਮਜ਼ਾਨ ਦੇ ਮਹੀਨਿ ਵਿੱਚ ਅਵਲੋਕਣ ਕੀਤਾ । ਫਿਰ 'ਜ਼ੁਸਨੀਨ ਸਿਤਾਰੇ' (ਦੁਮਦਾਰ ਤਾਰੇ, ਧੁਰੁਵ ਤਾਰੇ) ਨੂੰ ਵੀ ਹਜ਼ਾਰਾਂ ਲੋਕਾਂ ਨੇ ਨਿਕਲਦਿਆਂ ਹੋਇਆਂ ਦੇਖ ਲਿਆ । ਅਜਿਹਾ ਹੀ ਜਾਵਾ ਦੀ ਅੱਗ, ਤਾਊਨ (ਪਲੇਗ) ਦਾ ਫ਼ੈਲਣਾ, ਹੱਜ ਤੋਂ ਰੋਕਿਆ ਜਾਣਾ, ਦੇਸ਼ ਵਿੱਚ ਰੇਲਾਂ ਦਾ ਤਿਆਰ ਹੋਣਾ, ਊਠਾਂ ਦਾ ਬੇਕਾਰ ਹੋਣਾ । ਇਹ ਸਾਰੀਆਂ ਆਂਹਜਰਤ ਸਲਲੱਾਹੁ ਅਲੈਹਿ ਵਸਲੱਮ ਦੀਆਂ ਭਵਿੱਖਬਾਣੀਆਂ ਤੇ ਚਮਤਕਾਰ ਸਨ । ਜੋ ਇਸ ਯੁੱਗ ਵਿੱਚ ਵਾਪਰਦੇ ਦੇਖੇ ਗਏ । ਸਾਡੀ ਜਮਾਤ ਨੂੰ ਸਹਾਬਾ ਨਾਲ ਤੁਲਨਾ ਹੈ । ਉਹ ਚਮਤਕਾਰ ਅਤੇ ਨਿਸ਼ਾਨਾ ਨੂੰ ਦੇਖਦੇ ਹਨ ਜਿਵੇਂ ਕਿ ਸਹਾਬਾ ਦੇ ਦੇਖਿਆ । ਉਹ ਰੱਬ ਖ਼ਾਤਰ ਲੋਕਾਂ ਵਿੱਚ ਠੱਠੇ ਤੇ ਹਾਸੇ ਅਤੇ ਮਿਹਣਿਆਂ ਅਤੇ ਵੱਖ ਵੱਖ ਪ੍ਰਕਾਰ ਨਾਲ ਦਿਲ ਦੁਖਾਉਣਾ ਅਤੇ ਕੁਬੋਲਾਂ ਆਦਿ ਦਾ ਦੁੱਖ ਝੱਲ ਰਹੇ ਹਨ ਜਿਵੇਂ ਕਿ ਸਹਾਬਾ ਨੇ ਸਹਿਨ ਕੀਤੇ ।

ਬਹੁਤ ਸਾਰੇ ਇਹਨਾ ਵਿੱਚੋਂ ਅਜਿਹੇ ਹਨ ਜੋ ਨਮਾਜ਼ਾਂ ਵਿੱਚ ਰੋਂਦੇ ਅਤੇ ਆਪਣੇ ਸਜੱਦਿਆਂ ਦੀ ਥਾਂ ਨੂੰ ਆਪਣੇ ਹੰਝੂਆਂ ਨਾਲ ਭਿਉਂਦੇ, ਸੱਚੇ ਸੁਪਨਿਆਂ ਤੇ ਇਲਹਾਮਾ ਦਾ ਆਨੰਦ ਮਾਣਦੇ ਹਨ ਅਤੇ ਆਪਣੇ ਸੰਘਰਸ਼ ਤੇ ਮਿਹਨਤ ਨਾਲ ਕਮਾਏ ਹੋਏ ਧੰਨਮਾਲ ਨੂੰ ਰੱਬ ਦੀ ਰਜ਼ਾ ਲਈ ਸਹਾਬਾ ਵਾਂਗ ਖ਼ਰਚ ਕਰਦੇ ਹਨ । ਭਾਵ ਇਸ ਜਮਾਤ ਵਿੱਚ ਉਹ ਸਾਰੀਆਂ ਅਲਾਮਤਾਂ ਪਾਈਆਂ ਜਾਂਦੀਆਂ ਹਨ ਜੋ 'ਆਖ਼ਰੀਨਾ ਮਿਨਹੁਮ' ਦੇ ਸ਼ਬਦਾਂ ਨਾਲ ਭਾਵਅਰਥ ਹੋ ਰਹੀਆਂ ਹਨ ।

ਇਸ ਯੁੱਗ ਵਿੱਚ ਰੱਬ ਨੇ ਨਿਸ਼ਚਾ ਕੀਤਾ ਹੈ ਕਿ ਵੱਖ ਵੱਖ ਫ਼ਿਰਕਿਆਂ (ਕੌਮਾਂ) ਨੂੰ ਇਕ ਕੌਮ ਬਣਾ ਦੇਵੇ ਅਤੇ ਧਾਰਮਕ ਝਗੜਿਆਂ ਨੂੰ ਖ਼ਤਮ ਕਰਕੇ ਇਕ ਹੀ ਧਰਮ ਵਿੱਚ ਸਾਰਿਆਂ ਨੂੰ ਇਕੱਠਿਆਂ ਕਰ ਦੇਵੇ । ਇਸ ਅੰਤਮ ਯੁੱਗ ਬਾਰੇ ਕੁਰਆਨ ਸ਼ਰੀਫ਼ ਵਿੱਚ ਕਈ ਨਿਸ਼ਾਨੀਆਂ (ਚਮਤਕਾਰ) ਲਿੱਖੀਆਂ ਹਨ । ਉਧਾਰਣ ਲਈ ਨਹਿਰਾਂ ਦਾ ਕੱਢਿਆ ਜਾਣਾ, ਭੂਮੀ ਗਿਆਨ ਤੇ ਧਾਤਾਂ ਦਾ ਪ੍ਰਕਟ ਹੋਣਾ, ਊਠਾਂ ਦਾ ਬੇਕਾਰ ਹੋਣਾ, ਕਿਤਾਬਾਂ ਦੇ ਅਥਾਹ ਪ੍ਰਕਾਸ਼ਨ, ਮੇਲ ਮਿਲਾਪ ਦੇ ਸੌਖੇ ਸਾਧਨਾ ਦੀ ਕਾਢ, ਸੂਰਜ ਚੰਨ੍ਹ ਦਾ ਇੱਕੋ ਮਹੀਨੇ ਵਿੱਚ ਗ੍ਰਹਿਣ, ਤਾਊਨ (ਪਲੇਗ) ਦਾ ਫ਼ੈਲਣਾ ਆਦਿ । ਸੂਝਵਾਨ ਲਈ ਇਹ ਸਪਸ਼ਟ, ਪਧੱਰਾ ਤੇ ਪ੍ਰਤਖ ਮਾਰਗ ਹੈ ਕਿ ਅਜਿਹੇ ਸਮੇਂ ਵਿੱਚ ਰੱਬ ਨੇ ਮੈਨੂੰ ਪ੍ਰਕਟ ਕੀਤਾ ਜੱਦ ਕੁਰਆਨ ਕਰੀਮ ਦੀ ਲਿੱਖੀ ਹੋਈ ਸਾਰੀਆਂ ਅਲਾਮਤਾਂ ਮੇਰੇ ਪ੍ਰਕਟ ਹੋਣ ਲਈ ਪ੍ਰਗਟ ਹੋ ਚੁਕੀਆਂ ਹਨ ।

ਆਪ ਅਲੈਹਿ ਸਲਾਮ ਆਪਣੇ ਦਾਵੇ ਬਾਰੇ ਫ਼ਰਮਾਉਂਦੇ ਹਨ ਕਿ ਮੈਂ ਉਹ ਵਿਅਕਤੀ ਹਾਂ ਜੋ ਐਨ ਸਮੇਂ ਸਿਰ ਪ੍ਰਕਟ ਹੋਇਆ । ਕੀ ਧਰਤੀ'ਤੇ ਕੋਈ ਅਜਿਹਾ ਵਿਅਕਤੀ ਜੀਊਂਦਾ ਹੈ ਜੋ ਚਮਤਕਾਰ ਦਿਖਾਉਣ ਵਿੱਚ ਮੇਰਾ ਮੁਕਾਬਲਾ ਕਰਕੇ ਮੇਰੇ'ਤੇ ਸਫ਼ਲ ਹੋ ਸਕੇ ? ਮੈਨੂੰ ਉਸ ਰੱਬ ਦੀ ਸੰਹੁ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਹੁਣ ਤੱਕ ਦੋ ਲੱਖ ਤੋਂ ਵੱਧ ਮੇਰੇ ਰਾਹੀਂ ਨਿਸ਼ਾਨ (ਚਮਤਕਾਰ) ਪ੍ਰਕਟ ਹੋ ਚੱਕੇ ਹਨ ਅਤੇ ਦਸ ਹਜ਼ਾਰ ਦੇ ਲਗਭਗ ਲੋਕਾਂ ਨੇ ਪੈਗ਼ੰਬਰ ਸਲਲੱਾਹੁ ਅਲੈਹਿ ਵਸਲੱਮ ਨੂੰ ਸੁਪਨੇ ਵਿੱਚ ਦੇਖਿਆ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਮੇਰੀ ਤਸਦੀਕ ਕੀਤੀ ।

ਸੱਚੀ ਗੱਲ ਇਹੋ ਹੈ ਕਿ ਮਸੀਹ ਮੌਊਦ ਦਾ ਇਹੋ ਕੰਮ ਹੈ ਕਿ ਉਹ ਲੜਾਈਆਂ ਦੇ ਕ੍ਰਮ ਨੂੰ ਬੰਦ ਕਰੇ ਅਤੇ ਕਲਮ, ਦੁਆ ਤੇ ਤਵਜੁਹ (ਧਿਆਨ) ਨਾਲ ਇਸਲਾਮ ਦਾ ਬੋਲਬਾਲਾ ਕਰੇਗਾ । ਦੁੱਖ ਇਸ ਗੱਲ ਦਾ ਹੈ ਕਿ ਲੋਕਾਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਅਤੇ ਜਿੰਨ੍ਹਾ ਧਿਆਨ ਦੁਨੀਆ ਵੱਲ ਹੈ ਧਰਮ ਵੱਲ ਨਹੀਂ । ਦੁਨੀਆ ਦੀ ਅਪਵਿੱਤਰਤਾ ਤੇ ਗੰਦਗੀ ਵਿੱਚ ਗੜੂੰਦ ਹੋਕੇ ਇਹ ਆਸ ਕਿਵੇਂ ਕਰ ਸਕਦੇ ਹਨ ਕਿ ਇਹਨਾ'ਤੇ ਕੁਰਆਨ ਕਰੀਮ ਦੀ ਮਆਰਫ਼ਤ ਖੁੱਲੇ । ਮੇਰੇ ਆਉਣ ਦਾ ਮੰਤਵ ਅਤੇ ਉਦੇਸ਼ ਕੇਵਲ ਇਸਲਾਮ ਦਾ ਪੁਨਰ ਉਥੱਾਨ ਤੇ ਇਸਲਾਮ ਦੀ ਪੱਖਤਾ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਉਪੱਰ ਸ਼ਰੀਅਤ ਅਤੇ ਨਬੁਵੱਤ ਦਾ ਖ਼ਾਤਮਾ ਹੋ ਚੁਕੱਾ ਹੈ, ਪਰੰਤੂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀਆਂ ਬਰਕਤਾਂ, ਲਾਭ ਅਤੇ ਕੁਰਆਨ ਸ਼ਰੀਫ਼ ਦੀ ਸਿੱਖਿਆ ਅਤੇ ਨਿਰਦੇਸ਼ ਦੇ ਫਲਾਂ ਦਾ ਖਾਤਮਾ ਨਹੀਂ ਹੋਇਆ। ਮੁਸਲਮਾਨਾ ਦੇ ਪਤਨ ਅਤੇ ਢਹਿੰਦੀ ਕਲਾ ਦੇ ਕਾਲ ਵਿੱਚ ਰੱਬ ਨੇ ਮੈਨੂੰ ਭੇਜਿਆ ਹੈ ਤਾਂ ਜੋ ਮੈਂ ਇਸਦੀ ਸਹਾਇਤਾ ਅਤੇ ਸਰਪਰਸਤੀ ਕਰਾਂ ।

ਵਿਰੋਧੀਆਂ ਦੀ ਬੌਧਿਕਤਾ ਤੇ ਸੋਚ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਮੈਨੂੰ ਇਸ ਗੱਲ ਦਾ ਦੁੱਖ ਨਹੀਂ ਕਿ ਮੇਰਾ ਨਾਂ ਦਜੱਾਲ ਤੇ ਝੂਠਾ ਰੱਖਿਆ ਜਾਂਦਾ ਹੈ ਅਤੇ ਮੇਰੇ'ਤੇ ਝੂਠੀਆਂ ਊਝਾਂ ਲਾਈਆਂ ਜਾਂਦੀਆਂ ਹਨ । ਜ਼ਰੂਰੀ ਸੀ ਕਿ ਮੇਰੇ ਨਾਲ ਉਹੋ ਸੁਲੂਕ ਕੀਤਾ ਜਾਂਦਾ ਜੋ ਪਹਿਲੇ ਰੱਬ ਦੇ ਫ਼ਰਸਤਾਦਿਆਂ ਨਾਲ ਹੋਇਆ ਹੈ । ਮੈਂ ਤਾਂ ਉਹਨਾ ਔਕੁੜਾਂ ਤੇ ਦੁਖੱਾਂ ਦਾ ਕੁਝ ਵੀ ਹਿਸੱਾ ਨਹੀਂ ਪਾਇਆ ਜੋ ਸਾਡੇ ਸਯੱਦੇ ਮੌਲਾ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਮਾਰਗ ਵਿੱਚ ਆਏ ।

ਮੈਂ ਪੂਰਨ ਰੂਪ ਵਿੱਚ ਉਸ ਢੰਗ ਨੂੰ ਪੇਸ਼ ਕੀਤਾ ਹੈ ਜੋ ਇਸਲਾਮ ਨੂੰ ਸਫ਼ਲ ਅਤੇ ਦੂਜਿਆਂ ਧਰਮਾਂ'ਤੇ ਗ਼ਾਲਬ ਕਰਨ ਵਾਲਾ ਹੈ । ਜੇਕਰ ਤੁਸੀਂ ਮੈਨੂੰ ਰੱਬ ਦੀ ਸੰਹੁ'ਤੇ ਅਤੇ ਉਹਨਾ ਨਿਸ਼ਾਨਾਂ ਨੂੰ ਜੋ ਉਸਨੇ ਮੇਰੇ ਪੱਖ ਵਿੱਚ ਪ੍ਰਕਟ ਕੀਤੇ ਹਨ ਦੇਖਕੇ ਵੀ ਮੈਨੂੰ ਝੂਠਾ ਤੇ ਫ਼ਰੇਬੀ ਕਹਿੰਦੇ ਹੋ ਤਾਂ ਮੈਂ ਫਿਰ ਤੁਹਾਨੂੰ ਰੱਬ ਦੀ ਸੰਹੁ ਦਿੰਦਾ ਹਾਂ ਕਿ ਅਜਿਹੇ ਝੂਠੇ ਦੀ ਉਧਾਰਣ ਪੇਸ਼ ਕਰੋ ਕਿ ਜਿਸਦੀ ਰੱਬ ਤਾਈਦ ਤੇ ਸਹਾਇਤਾ ਕਰਦਾ ਜਾਏ । ਮੈਂ ਰੱਬ ਦੀ ਸੰਹੁ ਖਾ ਕੇ ਕਹਿੰਦਾ ਹਾਂ ਕਿ ਮੈਂ ਸਚੱਾ ਹਾਂ ।

ਅਲੱਾਹ ਤਆਲਾ ਹਰ ਮੁਕਦੱਮੇ ਤੇ ਹਰ ਔਕੁੜ ਵਿੱਚ ਮੇਰੀ ਸਹਾਇਤਾ ਕਰਦਾ ਹੈ ਅਤੇ ਉਸਨੇ ਲਖੱਾਂ ਹੀ ਦਿਲਾਂ ਵਿੱਚ ਮੇਰਾ ਪ੍ਰੇਮ ਪਾ ਦਿਤੱਾ ਹੈ ।

ਮੁਸਲਮਾਨਾ ਨੂੰ ਚਾਹੀਦਾ ਹੈ ਕਿ ਕਿ ਜੋ ਨੂਰ ਤੇ ਬਰਕਤਾਂ ਇਸ ਸਮੇਂ ਅਕਾਸ਼ ਤੋਂ ਉਤਰ ਰਹੀਆਂ ਹਨ ਉਹ ਉਹਨਾ ਦੀ ਕਦਰ ਕਰਨ ਅਤੇ ਰੱਬ ਧੰਨਾਵਾਦ ਕਰਨ ਕਿ ਸਮੇਂ ਦੇ ਸਮਰਥਨ ਉਹਨਾ ਦਾ ਮਾਰਗ ਦਰਸ਼ਨ ਹੋਇਆ । ਮੈਂ ਪੂਰੇ ਜ਼ੋਰ ਤੇ ਪੂਰਨ ਵਿਸ਼ਵਾਸ਼ ਕੇ ਖ਼ੁੱਲੇ ਵਿਚਾਰ ਨਾਲ ਕਹਿੰਦਾਹਾ ਕਿ ਰੱਬ ਨੇ ਨਿਸ਼ਚਾ ਕੀਤਾ ਹੈ ਕਿ ਦੂਜਿਆਂ ਧਰਮਾ ਨੂੰ ਮੁਕਾ ਦੇਵੇ ਅਤੇ ਇਸਲਾਮ ਨੂੰ ਗ਼ਲਬਾ ਪ੍ਰਦਾਨ ਕਰੇ ।

ਜੇ ਕਰ ਮੈਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਉਮੱਤ ਨ ਹੁੰਦਾ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਨ ਕਰਦਾ ਤਾਂ ਤਾਂ ਜੇਕਰ ਦੁਨੀਆ ਦੇ ਸਾਰਿਆਂ ਪਹਾੜਾਂ ਦੇ ਬਰਾਬਰ ਮੇਰੇ ਕ਼ਮ ਹੁੰਦੇ ਤਾਂ ਫਿਰ ਵੀ ਮੈਂ ਕਦੇ ਇਲਾਹੀ ਕਲਾਮ ਤੇ ਸੰਬੋਧਨ ਦਾ ਸਥਾਨ ਪ੍ਰਾਪਤ ਨ ਕਰਦਾ ਕਿਉਂਕਿ ਮੁਹਮੱਦੀ ਨਬੁਵੱਤ ਤੋਂ ਬਿਨਾ ਸਾਰੀਆਂ ਨਬੁਵੱਤਾਂ ਬੰਦ ਹਨ । ਉਹ ਕੰਮ ਜਿਸ ਲਈ ਰੱਬ ਨੇ ਮੈਂਨੂੰ ਖੜਾ ਕੀਤਾ ਹੈ ਉਹ ਇਹ ਹੈ ਕਿ ਰੱਬ ਅਤੇ ਉਸਦੀ ਮਖ਼ਲੂਕ ਦੇ ਸੰਬੰਧਾ ਵਿੱਚ ਜੋ ਕੁੜਤਨ ਤੇ ਭਿੰਨਤਾ ਪੈਦਾ ਹੋ ਗਈ ਹੈ ਉਸ ਨੂੰ ਦੂਰ ਕਰਕੇ ਪ੍ਰੇਮ ਦੇ ਆਚਰਣ ਤੇ ਸੰਬੰਧਾਂ ਨੂੰ ਦੁਬਾਰਾ ਕਾਇਮ ਕਰਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਰੱਬ ਕਰੇ ਦੁਨੀਆ ਵਿੱਚ ਵਸੱਣ ਵਾਲੇ ਲੋਕ ਵਿਸ਼ੇਸ਼ ਰੂਪ ਵਿੱਚ ਮੁਸਲਮਾਨ ਇਸ ਵਾਸਤਵਿਕਤਾ ਅਤੇ ਆਪ ਅਲੈਹਿ ਸਲਾਮ ਦੇ ਦਾਵੇ ਨੂੰ ਸਮਝਣ ਵਾਲੇ ਹੋਣ ਅਤੇ ਛੇਤੀ ਹੀ ਉਹ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆ ਜਾਣ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਪਾਕਿਸਤਾਨ ਅਤੇ ਅਲ ਜਜ਼ਾਤਿਰ ਦੇ ਅਹਮਦੀਆ ਲਈ ਦੁਆ ਦੀ ਤਹਿਰੀਕ ਕਰਦਿਆਂ ਹੋਇਆਂ ਫ਼ਰਮਾਇਆ ਕਿ ਪਾਕਿਸਤਾਨ ਵਿੱਚ ਪ੍ਰਤੀਦਿਨ ਕੋਈ ਨ ਕੋਈ ਘਟਨਾ ਹੋ ਜਾਂਦੀ ਹੈ ਇਸੇ ਪ੍ਰਕਾਰ ਅਲਜਜ਼ਾਇਰ ਵਿੱਚ ਵੀ ਸਰਕਾਰੀ ਅਹਿਲਕਾਰਾਂ ਦੀ ਨੀਯੱਤ ਨੇਕ ਨਹੀ ਲਗੱਦੀ । ਅਲੱਾਹ ਤਆਲਾ ਦੁਨੀਆ ਦੇ ਹਰ ਦੇਸ਼ ਵਿੱਚ ਹਰ ਅਹਮਦੀ ਨੂੰ ਆਪਣੀ ਸੁਰੱਖਿਆ ਵਿੱਚ ਰੱਖੇ । ਅਹਮਦੀਆਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਪਹਿਲਾਂ ਤੋਂ ਵਧੱਕੇ ਰੱਬ ਵੱਲ ਝੁਕਣ ਅਤੇ ਉਸਦੇ ਬੰਦਿਆਂ ਦੇ ਹੱਕ ਪੂਰੇ ਕਰਨ ਵਾਲੇ ਬਣਨ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 26.03.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131